# ਜਪੁ ਜੀ ਸਾਹਿਬ

# ДЖАП ДЖИ САХИБ

**Транскрипция: Проф. Кульдип Дхингра**

## ਜਪੁਜੀ ਸਾਹਿਬ

## ДЖАП ДЖИ САХИБ

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**

**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

ик онка́р сатна́м карта́ пуракх нирбхау нирвэ́р

ака́л му́рат аджу́ни́ сэ́бха$^{н}$ гур праса́д ॥

**॥ ਜਪੁ ॥**

**॥ джап ॥**

**ਆਦਿ ਸਚੁ ਜੁਗਾਦਿ ਸਚੁ ॥**

**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥**

а́д сач джуга́д сач

хэ́ бхи́ сач  на́нак хоси́ бхи сач ॥1॥

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥

ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥

сочэ́ соч на хова́и, джэ сочи́ лакх ва́р ॥

чупэ́ чуп на хова́и, джэ ла́и раха́ ливта́р ॥

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥

ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥

бхукхиá бхукх на утарѝ, джэ баннá пурѝá бхáр ‖

сахас сиáНпá лакх хохи та ик на чалэ́ нáл ‖

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥

кив сачиáрá хоѝэ кив кýРэ́ туТэ́  пáл ‖

хукам раджáѝ чалаНá нáнак ликхиá нáл ‖1‖

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥1॥

хукамѝ хован áкáр, хукам на кахиá джáѝ ‖

хуками хован джѝ, хукам милэ́ ваДиáѝ ‖1‖

ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥

ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥

хуками утам нѝч, хукам ликх дукх сукх пáѝэ́х ‖

икна хукамѝ бакхсѝс, ик хукамѝ садá бхавáѝэ́х ‖

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥

хукамэ́ андар сабх ко, ба́хар хукам на кои ‖

на́нак хукамэ́ джэ буджхэ́, та хаумэ́ кахэ́ на кои ‖2‖

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥ ਗਾਵੈ ਕੋ ਦਾਤਿ ਜਾਣੈ ਨੀਸਾਣੁ ॥

ਗਾਵੈ ਕੋ ਗੁਣ ਵਡਿਆਈਆ ਚਾਰ ॥ ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥

га́вэ́ ко та́Н ховэ́ кисэ́ та́Н ‖ га́вэ́ ко да́т джа́Нэ́ ни́са́Н ‖

га́вэ́ ко гуН ваДиа́и́а́ ча́р ‖ га́вэ́ ко видиа́ вихам ви́ча́р ‖

ਗਾਵੈ ਕੋ ਸਾਜਿ ਕਰੇ ਤਨੁ ਖੇਹ ॥ ਗਾਵੈ ਕੋ ਜੀਅ ਲੈ ਫਿਰਿ ਦੇਹ॥

ਗਾਵੈ ਕੋ ਜਾਪੈ ਦਿਸੈ ਦੂਰਿ ॥ਗਾਵੈ ਕੋ ਵੇਖੈ ਹਾਦਰਾ ਹਦੂਰਿ ॥

га́вэ́ ко са́дж карэ тан кхэх ‖ га́вэ́ ко, джи́ лэ́ фир дэх ‖

га́вэ́ ко, джа́пэ́ дисэ́ ду́р ‖ га́вэ́ ко вэхэ́ ха́дра́ хаду́р ‖

ਕਥਨਾ ਕਥੀ ਨ ਆਵੈ ਤੋਟਿ ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥

ਦੇਦਾ ਦੇ ਲੈਦੇ ਥਕਿ ਪਾਹਿ॥ ਜੁਗਾ ਜੁਗੰਤਰਿ ਖਾਹੀ ਖਾਹਿ ॥

ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ ਵਿਗਸੈ ਵੇਪਰਵਾਹੁ ॥੩॥

катхна катхи́ на а́вэ́ тоТ ‖ катх катх катхи́ коТи́ коТ коТ ‖

дэда́ дэ, лэ́дэ тхак па́хи ‖ джуга́ джугантар кха́хи769 кха́хи ‖

хуками хукам чала́э ра́х ‖ на́нак вигсэ́ вэпарва́х ‖3‖

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥
ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥

са́ча́ са́хиб, са́ч на́и, бха́кхиа́ бха́о апа́р ||
а́кхэ́х мангэ́х дэх дэх, да́т карэ да́та́р ||

ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥

фэр ки агэ́ ракхи́э́ джит дисэ́ дарба́р ||
мухау ки болаН боли́э́, джит суН дхарэ пиа́р ||
амрит вэла́ сач на́у ваДиа́и́ ви́ча́р ||

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥

карми а́вэ́ капРа́, надари́ мокх дуа́р ||
на́нак эвэ́ джа́Ни́э́, сабх а́пэ сачиа́р ||4||

ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥
ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥ ਨਾਨਕ ਗਾਵੀਐ ਗੁਣੀ ਨਿਧਾਨੁ ॥

тха́пиа́ на джа́и, ки́та́ на хои || а́пэ а́п ниранджан сои ||
джин сэвиа́ тин па́иа́ ма́н || на́нак, гави́э́ гуНи́ нидха́н ||

ਗਾਵੀਐ ਸੁਣੀਐ ਮਨਿ ਰਖੀਐ ਭਾਉ ॥

ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥

гáви́э сyНи́э, ман ракхи́э бхáо ||

дукх пархар, сукх гхар лэ́ джáи ||

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥

ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥

гурмукх нáда$^{н}$, гурмукх веда$^{н}$, гурмукх рахиá самáи́ ||

гур и́сар, гур горакх бармá, гур пáрбати́ мáи́ ||

ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥

ਗੁਰਾ ਇਕ ਦੇਹਿ ਬੁਝਾਈ ॥

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥

джэ хау джáНá, áкхá нáхи́, кахНá катхан на джáи́ ||

гурá ик дэх буджхáи́ ||

сабхнá джи́á кá ик дáтá, со мэ́ висар на джáи́ ||5||

ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥

ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥

ти́ратх нáвá, джэ тис бхáвá, виН бхáНэ ки нáи кари́ ||

джэти́ сираТх упáи́ вэкхá, виН кармá ки милэ́ лаи́ ||

ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥
ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੬॥

мат вич ратан джавáхар мáНик, джэ ик гур ки сикх суНи́ ॥
гура ик дэх буджхáи́ ॥
сабхнá джи́á кá ик дáтá, со мэ́ висар на джáи́ ॥6॥

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥

джэ джуг чáрэ áрджá, хор дасу́Ни́ хои ॥
навá кханДá вич джáНи́э́, нáл чалэ́ сабх кои ॥

ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥
ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥

чангá нáо ракхáи кэ́ джас ки́рат джаг лэи ॥
джэ тис надар на áваи́ та вáт на пучхэ́ кэ ॥

ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥
ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥
ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥੭॥

ки́Тá андар ки́Т кар доси́ дос дхарэ ॥
нáнак ниргуН гуН карэ гуНвантиá гуН дэ ॥
тэхá кои на суджхаи́, джи тис гуН кои карэ ॥7॥

ਸੁਣਿਐ ਸਿਧ ਪੀਰ ਸੁਰਿ ਨਾਥ ॥ ਸੁਣਿਐ ਧਰਤਿ ਧਵਲ ਆਕਾਸ ॥

ਸੁਣਿਐ ਦੀਪ ਲੋਅ ਪਾਤਾਲ ॥ ਸੁਣਿਐ ਪੋਹਿ ਨ ਸਕੈ ਕਾਲੁ ॥

ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੮॥

суНиэ́, сидх пи́р сур на́тх ‖ суНиэ́, дхарат дхавал а́ка́с ‖

суНиэ́, ди́п лоа па́та́л ‖ суНиэ́, пох на сакэ́ ка́л ‖

на́нак бхагата́ сада́ вига́с ‖ суНиэ́ ду́кх па́п ка́ на́с ‖8‖

ਸੁਣਿਐ ਈਸਰੁ ਬਰਮਾ ਇੰਦੁ ॥ ਸੁਣਿਐ ਮੁਖਿ ਸਾਲਾਹਣ ਮੰਦੁ ॥

ਸੁਣਿਐ ਜੋਗ ਜੁਗਤਿ ਤਨਿ ਭੇਦ ॥ ਸੁਣਿਐ ਸਾਸਤ ਸਿਮ੍ਰਿਤਿ ਵੇਦ ॥

ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੯॥

суНиэ́, и́сар барма́ инд ‖ суНиэ́, мукх сала́хаН манд ‖

суНиэ́, джог джугат тан бхэд ‖ суНиэ́, са́сат симрат вэд ‖

на́нак бхагата́ сада́ вига́с ‖ суНиэ́ ду́кх па́п ка́ на́с ‖9‖

ਸੁਣਿਐ ਸਤੁ ਸੰਤੋਖੁ ਗਿਆਨੁ ॥ ਸੁਣਿਐ ਅਠਸਠਿ ਕਾ ਇਸਨਾਨੁ ॥

ਸੁਣਿਐ ਪੜਿ ਪੜਿ ਪਾਵਹਿ ਮਾਨੁ ॥ ਸੁਣਿਐ ਲਾਗੈ ਸਹਜਿ ਧਿਆਨੁ ॥

ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੦॥

суНиэ́, сат сантокх гиан ‖ суНиэ́, аТхсаТх ка́ исна́н ‖

суНиэ́, паР паР па́вэ́х ма́н ‖ суНиэ́, ла́гэ́ сахадж дхиа́н ‖

на́нак бхагата́ сада́ вига́с ‖ суНиэ́ ду́кх па́п ка́ на́с ‖10‖

ਸੁਣਿਐ ਸਰਾ ਗੁਣਾ ਕੇ ਗਾਹ ॥ ਸੁਣਿਐ ਸੇਖ ਪੀਰ ਪਾਤਿਸਾਹ ॥
ਸੁਣਿਐ ਅੰਧੇ ਪਾਵਹਿ ਰਾਹੁ ॥ ਸੁਣਿਐ ਹਾਥ ਹੋਵੈ ਅਸਗਾਹੁ ॥
ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੧॥

суНиэ́, сара́ гуНа́ кэ га́х ‖ суНиэ́, сэкх пир па́тса́х ‖
суНиэ́, андхэ па́вэ́х ра́х ‖ суНиэ́, ха́тх ховэ́ асга́х ‖
на́нак бхагата́ сада́ вига́с ‖ суНиэ́ ду́кх па́п ка́ на́с ‖11‖

ਮੰਨੇ ਕੀ ਗਤਿ ਕਹੀ ਨ ਜਾਇ ॥ਜੇ ਕੋ ਕਹੈ ਪਿਛੈ ਪਛੁਤਾਇ ॥
ਕਾਗਦਿ ਕਲਮ ਨ ਲਿਖਣਹਾਰੁ ॥ ਮੰਨੇ ਕਾ ਬਹਿ ਕਰਨਿ ਵੀਚਾਰੁ ॥
ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥

маннэ ки́ гат кахи́ на джа́и ‖ джэ ко кахэ́ пичхэ́ пачхта́и ‖
ка́гад калам на ликхаН-хар ‖ маннэ ка́ бэ́х каран ви́ча́р ‖
э́са́ на́м ниранджан хои ‖ джэ ко манн джа́Нэ́ ман кои ‖12‖

ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥
ਮੰਨੈ ਮੁਹਿ ਚੋਟਾ ਨਾ ਖਾਇ ॥ ਮੰਨੈ ਜਮ ਕੈ ਸਾਥਿ ਨ ਜਾਇ ॥
ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥

маннэ́, сурат ховэ́ ман будх ‖ маннэ́, сагал бхаваН ки́ судх ‖
маннэ́, мух чоТа́ на́ кха́и ‖ маннэ́, джам кэ́ са́тх на джа́и ‖
э́са́ на́м ниранджан хои ‖ джэ ко манн джа́Нэ́ ман кои ‖13‖

ਮੰਨੈ ਮਾਰਗਿ ਠਾਕ ਨ ਪਾਇ ॥ ਮੰਨੈ ਪਤਿ ਸਿਉ ਪਰਗਟੁ ਜਾਇ ॥

ਮੰਨੈ ਮਗੁ ਨ ਚਲੈ ਪੰਥੁ ॥ ਮੰਨੈ ਧਰਮ ਸੇਤੀ ਸਨਬੰਧੁ ॥

ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੪॥

маннэ́, ма́раг Тха́к на па́и ‖ маннэ́, пат сио паргаТ джа́и ‖

маннэ́, маг на чалэ́ пантх ‖ маннэ́, дхарам сэти́ санбандх ‖

э́са́ на́м ниранджан хои ‖ джэ ко манн джа́Нэ́ ман кои ‖14‖

ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥

ਮੰਨੈ ਤਰੈ ਤਾਰੇ ਗੁਰੁ ਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥

ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥

маннэ́, павэх мокх два́р ‖ маннэ́, парва́рэ́ са́дха́р ‖

маннэ́ тарэ́ та́рэ гурсикх ‖ маннэ́, на́нак бхавэх на бхикх ‖

э́са́ на́м ниранджан хои ‖ джэ ко манн джа́Нэ́ ман кои ‖15‖

ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥

ਪੰਚੇ ਸੋਹਹਿ ਦਰਿ ਰਾਜਾਨੁ ॥ ਪੰਚਾ ਕਾ ਗੁਰੁ ਏਕੁ ਧਿਆਨੁ ॥

панч парва́Н панч пардха́н ‖ панчэ, павэх даргах ма́н ‖

панчэ сохэх дар ра́джа́н ‖ панча́ ка́ гур эк дхиа́н ‖

ਜੇ ਕੋ ਕਹੈ ਕਰੈ ਵੀਚਾਰੁ ॥ ਕਰਤੇ ਕੈ ਕਰਣੈ ਨਾਹੀ ਸੁਮਾਰੁ ॥

ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥

джэ ко кахэ, карэ ви́ча́р ‖ картэ кэ́ карНэ́, на́хи́ сума́р ‖

дхаул дхарам даиа́ ка́ пу́т ‖ сантокх тха́п ракхиа́ джин су́т ‖

ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥
ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥

джэ ко буджхэ́ ховэ́ сачиáр ‖ дхавлэ́ упар кэта бхáр ‖
дхарти́ хор, парэ́ хор хор ‖ тис тэ бхáр талэ́ каваН джор ‖

ਜੀਅ ਜਾਤਿ ਰੰਗਾ ਕੇ ਨਾਵ ॥ ਸਭਨਾ ਲਿਖਿਆ ਵੁੜੀ ਕਲਾਮ ॥
ਏਹੁ ਲੇਖਾ ਲਿਖਿ ਜਾਣੈ ਕੋਇ ॥ ਲੇਖਾ ਲਿਖਿਆ ਕੇਤਾ ਹੋਇ ॥

Джи джáт рангá кэ нáв ‖ сабхнá ликхиá вуРи́ калáм ‖
эх лэкхá ликх джáНэ́ кои ‖ лэкхá ликхиá кэтá хои ‖

ਕੇਤਾ ਤਾਣੁ ਸੁਆਲਿਹੁ ਰੂਪੁ ॥ ਕੇਤੀ ਦਾਤਿ ਜਾਣੈ ਕੌਣੁ ਕੂਤੁ ॥
ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥

кэтá тáН суáлэх рýп ‖ кэти́ дáт джáНэ́ кауН кýт ‖
ки́та пасáу эко кавáу ‖ тис тэ хоэ лакх дариáу ‖

ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੬॥

кудрат каваН, кахá ви́чáр ‖ вáриá на джáвá эк вáр ‖
джо тудх бхáвэ́ сáи́ бхали́ кáр ‖ тý садá салáматниранкáр ‖16‖

ਅਸੰਖ ਜਪ ਅਸੰਖ ਭਾਉ ॥ ਅਸੰਖ ਪੂਜਾ ਅਸੰਖ ਤਪ ਤਾਉ ॥
ਅਸੰਖ ਗਰੰਥ ਮੁਖਿ ਵੇਦ ਪਾਠ ॥ ਅਸੰਖ ਜੋਗ ਮਨਿ ਰਹਹਿ ਉਦਾਸ ॥

асанкх джап асанкх бхáу ‖ асанкх пýджá асанкх тап тáу ‖
асанкх гарантх мукх вэд пáТх ‖ асанкх джог ман рахэх удáс ‖

ਅਸੰਖ ਭਗਤ ਗੁਣ ਗਿਆਨ ਵੀਚਾਰ ॥ ਅਸੰਖ ਸਤੀ ਅਸੰਖ ਦਾਤਾਰ ॥
ਅਸੰਖ ਸੂਰ ਮੁਹ ਭਖ ਸਾਰ ॥ ਅਸੰਖ ਮੋਨਿ ਲਿਵ ਲਾਇ ਤਾਰ ॥

асанкх бхагат, гуН гиа́н ви́ча́р || асанкх сати́, асанкх да́та́р ||
асанкх су́р, мух бхакхса́р || асанкх мон, лив ла́и та́р ||

ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੭॥

кударат каваН, каха́ ви́ча́р || ва́риа́ на джа́ва́ эк ва́р ||
джо тудх бха́вэ́, са́и́ бхали́ ка́р || ту́ сада́ сала́матниранка́р ||17||

ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮਖੋਰ ॥
ਅਸੰਖ ਅਮਰ ਕਰਿ ਜਾਹਿ ਜੋਰ ॥ ਅਸੰਖ ਗਲਵਢ ਹਤਿਆ ਕਮਾਹਿ ॥

асанкх му́ракх андх гхор || асанкх чор хара́мкхор ||
асанкх амар кар джа́хи джор || асанкх галваДх, хатиа́ кама́хи ||

ਅਸੰਖ ਪਾਪੀ ਪਾਪੁ ਕਰਿ ਜਾਹਿ ॥ ਅਸੰਖ ਕੂੜਿਆਰ ਕੂੜੇ ਫਿਰਾਹਿ ॥
ਅਸੰਖ ਮਲੇਛ ਮਲੁ ਭਖਿ ਖਾਹਿ ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥

асанкх па́пи́, па́п кар джа́хи || асанкх куРиа́р, ку́Рэ фира́хэ ||
асанкх малэчх, мал бхакх кха́хи || асанкх ниндак, сир карэх бха́р ||

ਨਾਨਕੁ ਨੀਚੁ ਕਹੈ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੮॥

на́нак ни́ч кахэ́ ви́ча́р || ва́риа́ на джа́ва́ эк ва́р ||
джо тудх бха́вэ́, са́и́ бхали́ ка́р || ту́ сада́ сала́мат ниранка́р ||18||

ਅਸੰਖ ਨਾਵ ਅਸੰਖ ਥਾਵ ॥ ਅਗੰਮ ਅਗੰਮ ਅਸੰਖ ਲੋਅ ॥
ਅਸੰਖ ਕਹਹਿ ਸਿਰਿ ਭਾਰੁ ਹੋਇ ॥

асанкх на́в, асанкх тха́в ‖ агамм агамм асанкх ло ‖
асанкх кахэх сир бха́р хои ‖

ਅਖਰੀ ਨਾਮੁ ਅਖਰੀ ਸਾਲਾਹ ॥ ਅਖਰੀ ਗਿਆਨੁ ਗੀਤ ਗੁਣ ਗਾਹ ॥
ਅਖਰੀ ਲਿਖਣੁ ਬੋਲਣੁ ਬਾਣਿ ॥ ਅਖਰਾ ਸਿਰਿ ਸੰਜੋਗੁ ਵਖਾਣਿ ॥

акхари́ на́м, акхари́ са́ла́х ‖ акхари́, гиа́н ги́т гуН га́х ‖
акхари́, ликхаН болаН ба́Н ‖ акхара́ сир санджог вакха́Н ‖

ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥ ਜਿਵ ਫੁਰਮਾਏ ਤਿਵ ਤਿਵ ਪਾਹਿ ॥
ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥

джин эх ликхэ тис сир на́хи́ ‖ джив фурма́э тив тив па́хи ‖
джэта́ ки́та́ на́у ‖ виН на́вэ́ на́вэ́ на́хи́ ко тха́у ‖

ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੯॥

кударат каваН, каха́ ви́ча́р ‖ ва́риа́ на джа́ва́ эк ва́р ‖
джо тудх бха́вэ́, са́и́ бхали́ ка́р ‖ ту́ сада́ сала́мат niранка́р ‖19‖

ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥
ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥

бхари́э́ хатх пэ́р тан дэх ‖ па́Ни́ дхотэ, утрас кхэх ‖
му́т пали́ти́ капаР хои ‖ дэ са́бу́Н, лаи́э́ ох дхои ‖

ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥
ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥

бхари́э́ мат, па́па́ кэ́ санг ‖ ох дхопэ́, на́вэ́ кэ ранг ‖
пунни́ па́пи́ а́кхаН на́хи ‖ кар кар карНа́, ликх лэ́ джа́х ‖

ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥੨੦॥

а́пэ би́дж, а́пэ хи кха́х ‖ на́нак хуками а́вах джа́х ‖20‖

ਤੀਰਥੁ ਤਪੁ ਦਇਆ ਦਤੁ ਦਾਨੁ ॥ ਜੇ ਕੋ ਪਾਵੈ ਤਿਲ ਕਾ ਮਾਨੁ ॥
ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ ਮਲਿ ਨਾਉ ॥

ти́ратх тап даиа́ дат да́н ‖ джэ ко па́вэ́ тил ка́ ма́н ‖
суНиа́, манниа́ ман ки́та́ бха́у ‖ антаргат ти́ратх, мал на́у ‖

ਸਭਿ ਗੁਣ ਤੇਰੇ ਮੈ ਨਾਹੀ ਕੋਇ ॥ ਵਿਣੁ ਗੁਣ ਕੀਤੇ ਭਗਤਿ ਨ ਹੋਇ ॥
ਸੁਅਸਤਿ ਆਥਿ ਬਾਣੀ ਬਰਮਾਉ ॥ਸਤਿ ਸੁਹਾਣੁ ਸਦਾ ਮਨਿ ਚਾਉ ॥

сабх гуН тэрэ, мэ́ на́хи́ кои ‖ виН гуН ки́тэ бхагат на хои ‖
суаст а́тх ба́Ни́ барма́у ‖ сат суха́Н сада́ ман ча́у ‖

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥

каваН су вэла́, вакхат каваН, каваН тхит каваН ва́р ‖
каваН си рути́, ма́х каваН джит хоа́ а́ка́р ‖

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥

вэл на па́и́а́ панДати, джи ховэ́ лэкх пура́Н ‖
вакхат на па́ио ка́ди́а́, джи ликхан лэкх кура́Н ‖

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥

тхит ва́р на джоги́ джаНэ́, рут ма́х на кои́ ‖
джа карта́ сирТхи́ кау са́джэ, а́пэ джа́Нэ́ сои́ ‖

ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥
ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ ॥

кив кар а́кха́ кив сала́хи, киу варни́ кив джа́На́ ‖
на́нак, а́кхаН сабх ко а́кхэ́, ик ду ик сиа́На́ ‖

ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥
ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥੨੧॥

ваДа́ са́хиб ваДи́ на́и́, ки́та́ джа́ ка́ ховэ́ ‖
на́нак, джэ ко а́пау джа́Нэ́, агэ́ гаиа́ на сохэ́ ‖21‖

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥

па́та́ла́ па́та́л лакх, а́га́са́ а́га́с ‖

оРак оРак бха́л тхакэ, вэд кэхан ик ва́т ‖

сахас аТха́рах кахэн катэба́, аслу́ ик дха́т ‖

ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥

ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥

лэкха́ хои та ликхи́э́, лэкхэ́ хои виНа́с ‖

на́нак ваДа́ а́кхи́э́, а́пэ джа́Нэ́ а́п ‖22‖

ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥

ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥

са́ла́хи́ са́ла́х, эти́ сурат на па́и́а́ ‖

нади́а́ атэ ва́х, павэх самунд на джа́Ни́ах ‖

ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥

ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥੨੩॥

самунд са́х султа́н, гир-ха сэти́ ма́л дхан ‖

ки́Ри́ тул на хования́, джэ тис манаху на ви́сарэ́х ‖23‖

ਅੰਤੁ ਨ ਸਿਫਤੀ ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ ॥

ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥ ਅੰਤੁ ਨ ਜਾਪੈ ਕਿਆ ਮਨਿ ਮੰਤੁ ॥

ант на сифти́ кахэН на ант ‖ ант на карНэ́ дэН на ант ‖

ант на вэкхаН суНаН на ант ‖ ант на джа́пэ́ киа́ ман мант ‖

ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥

ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ ॥

ант на джа́пэ ки́та́ а́ка́р  ант на джа́пэ́ па́ра́ва́р ‖

ант ка́раН кэтэ бил-лахи ‖ та кэ ант на па́э джа́хи ‖

ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ ॥

ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥

эх ант на джа́Нэ́ кои ‖ бахута́ кахи́э, бахута́ хои ‖

ваДа́ са́хиб, у́ча́ тха́у ‖ у́чэ упар у́ча́ на́у ‖

ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥

ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥੨੪॥

эваД у́ча́ ховэ́ кои ‖ тис у́чэ кау, джа́Нэ́ сои ‖

джэваД а́п джа́Нэ́ а́п а́п ‖ на́нак надари́ карми́ да́т ‖24‖

ਬਹੁਤਾ ਕਰਮੁ ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ ॥

ਕੇਤੇ ਮੰਗਹਿ ਜੋਧ ਅਪਾਰ ॥ ਕੇਤਿਆ ਗਣਤ ਨਹੀ ਵੀਚਾਰੁ ॥

ਕੇਤੇ ਖਪਿ ਤੁਟਹਿ ਵੇਕਾਰ ॥

бахута́ карам ликхиа́ на́ джа́и ‖ ваДа́ да́та́ тил на тама́и ‖

кэтэ мангэх джодх апа́р ‖ кэтиа́ гаНат нахи́ вича́р ‖

кэтэ, кхап туТэх вэка́р ‖

ਕੇਤੇ ਲੈ ਲੈ ਮੁਕਰੁ ਪਾਹਿ ॥ ਕੇਤੇ ਮੂਰਖ ਖਾਹੀ ਖਾਹਿ ॥
ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥

кэтэ лэ́ лэ́ мукар пáхи ‖ кэтэ мýракх, кхáхú кхáхи ‖
кэтиá дýкх бхýкх сад мáр ‖ эх бхи дáт тэрú, дáтáр ‖

ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥
ਜੇ ਕੋ ਖਾਇਕੁ ਆਖਣਿ ਪਾਇ ॥ ਓਹੁ ਜਾਣੈ ਜੇਤੀਆ ਮੁਹਿ ਖਾਇ ॥

банд кхалáсú, бхáНэ́ хои ‖ хор áкх сакэ́ на кои ‖
джэ ко кхáик áкхаН пáи ‖ ох джаНэ́, джэтúá мух кхáи ‖

ਆਪੇ ਜਾਣੈ ਆਪੇ ਦੇਇ ॥ ਆਖਹਿ ਸਿ ਭਿ ਕੇਈ ਕੇਇ ॥
ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥

áпэ джáНэ́, áпэ дэи ‖ áкхэх си бхú кэú кэи ‖
джис но бакхсэ сифат сáлáх ‖ нáнак, пáтсáхú пáтсáх ‖25‖

ਅਮੁਲ ਗੁਣ ਅਮੁਲ ਵਾਪਾਰ ॥ ਅਮੁਲ ਵਾਪਾਰੀਏ ਅਮੁਲ ਭੰਡਾਰ ॥
ਅਮੁਲ ਆਵਹਿ ਅਮੁਲ ਲੈ ਜਾਹਿ ॥ ਅਮੁਲ ਭਾਇ ਅਮੁਲਾ ਸਮਾਹਿ ॥

амул гуН, амул вáпáр ‖ амул вáпáрúэ, амул бханДáр ‖
амул áвэх, амул лэ́ джáи ‖ амул бхáи, амулá самáхи ‖

ਅਮੁਲੁ ਧਰਮੁ ਅਮੁਲੁ ਦੀਬਾਣੁ ॥ ਅਮੁਲੁ ਤੁਲੁ ਅਮੁਲੁ ਪਰਵਾਣੁ ॥
ਅਮੁਲੁ ਬਖਸੀਸ ਅਮੁਲੁ ਨੀਸਾਣੁ ॥ ਅਮੁਲੁ ਕਰਮੁ ਅਮੁਲੁ ਫੁਰਮਾਣੁ ॥

амул дхарам, амул дúбáН ‖ амул тул, амул парвáН ‖
амул бакхсúс, амул нúсáН ‖ амул карам, амул фурмáН ‖

ਅਮੁਲੋ ਅਮੁਲੁ ਆਖਿਆ ਨ ਜਾਇ ॥ ਆਖਿ ਆਖਿ ਰਹੇ ਲਿਵ ਲਾਇ ॥

ਆਖਹਿ ਵੇਦ ਪਾਠ ਪੁਰਾਣ ॥ ਆਖਹਿ ਪੜੇ ਕਰਹਿ ਵਖਿਆਣ ॥

амуло амул áкхиá на джáи || áкх áкх рахэ лив лáи ||

áкхэх вэд пáТх пурáН || áкхэх паРэ карэх вакхиáН ||

ਆਖਹਿ ਬਰਮੇ ਆਖਹਿ ਇੰਦ ॥ ਆਖਹਿ ਗੋਪੀ ਤੈ ਗੋਵਿੰਦ ॥

ਆਖਹਿ ਈਸਰ ਆਖਹਿ ਸਿਧ ॥ ਆਖਹਿ ਕੇਤੇ ਕੀਤੇ ਬੁਧ ॥

áкхэх бармэ, áкхэх инд || áкхэх гопи́ тэ́ говинд ||

áкхэх и́сар, áкхэх сидх || áкхэх кэтэ ки́тэ будх ||

ਆਖਹਿ ਦਾਨਵ ਆਖਹਿ ਦੇਵ ॥ ਆਖਹਿ ਸੁਰਿ ਨਰ ਮੁਨਿ ਜਨ ਸੇਵ ॥

ਕੇਤੇ ਆਖਹਿ ਆਖਣਿ ਪਾਹਿ ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥

áкхэх дáнав, áкхэх дэв || áкхэх сур нар мун джан сэв ||

кэтэ áкхэх áкхаН пáхи || кэтэ кэх кэх уТх уТх джáхи ||

ਏਤੇ ਕੀਤੇ ਹੋਰਿ ਕਰੇਹਿ ॥ ਤਾ ਆਖਿ ਨ ਸਕਹਿ ਕੇਈ ਕੇਇ ॥

ਜੇਵਡੁ ਭਾਵੈ ਤੇਵਡੁ ਹੋਇ ॥ ਨਾਨਕ ਜਾਣੈ ਸਾਚਾ ਸੋਇ ॥

этэ ки́тэ хор карэх || та áкх на сакэ́х кэи́ кэи ||

джэваД бхáвэ, тэваД хои || нáнак, джáНэ́ сáчá сои ||

ਜੇ ਕੋ ਆਖੈ ਬੋਲੁਵਿਗਾੜੁ ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥

джэ ко áкхэ́ бол вигáР || тá ликхи́э́ сир гáвáрá гáвáр ||26||

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥

ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥

со дар кэха́, со гхар кэха́, джит бэ́х сараб сама́лэ ‖

ва́джэ на́д анэк асанкха́, кэтэ ва́ваН-ха́рэ ‖

ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥

ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥

кэтэ ра́г пари́ сио кахи́ан, кэтэ га́ваН-ха́рэ ‖

га́вэ́х тухно, пауН па́Ни́ бэ́сантар, га́вэ́ ра́джа́ дхарам, дуа́рэ ‖

ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥

ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥

га́вэх чит гупат ликх джа́Нэх ликх ликх дхарам ви́ча́рэ ‖

га́вэх и́сар барма́ дэви́ сохан сада́ сава́рэ ‖

ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥

ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥

га́вэх инд индасаН бэ́Тхэ дэвтиа́ дар на́лэ ‖

га́вэх сидх сама́дхи́ андар га́ван са́дх вича́рэ ‖

ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥

ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥

Га́ван джати́ сати́ сантокхи́ га́вэх ви́р кара́рэ

га́ван панДит паРан ракхи́сар, джуг джуг вэда́ на́лэ ‖

ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥
ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥

га́вэх мохаНи́а́ ман мохан сурга́ мачх паиа́лэ ||
га́ван ратан упа́э тэрэ аТхсаТх ти́ратх на́лэ ||

ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥
ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥

га́вэх джодх маха́ бал су́ра́, га́вэх кха́Ни́ ча́рэ ||
га́вэх кханД манДал варбханДа́, кар кар ракхэ дха́рэ ||

ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥

сэи́ тудх но га́вэх, джо тудх бха́ван, ратэ тэрэ бхагат раса́лэ ||
хор кэтэ га́ван сэ мэ́ чит на а́ван, на́нак киа́ ви́ча́рэ ||

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥

сои́ сои́ сада́ сач са́хиб са́ча́ са́чи́ на́и́ ||
хэ́ бхи́ хоси́ джа́и на джа́си́ рачна́ джин рача́и́ ||

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥

ранги́ ранги́ бха́ти́ кар кар джинси́ ма́иа́ джин упа́и́ ||
кар кар вэкхэ́ ки́та́ а́паНа́, джив тис ди ваДиа́и́ ||

ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੨੭॥

джо тис бхáвэ́ сои́ карси́, хукам на карНá джáи́ ||
со пáтсáх, сáхá пáтсáхиб, нáнак рахаН раджáи́ ||27||

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥

мундá сантокх, сарам пат джхоли́, дхиáн ки́ карэх бибхýт ||
кхинтхá кáл, куáри́ кáиá джугат ДанДá парти́т ||
áи́ пантхи, сагал джамáти́ ман джи́тэ́ джагджи́т ||

ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੮॥

áдэс тисэ́ áдэс ||
áд ани́л анáд анáхат, джуг джуг эко вэс ||28||

ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥
ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥

бхугат гиáн даиá бханДáран, гхаТ гхаТ вáджэх нáд ||
áп нáтх нáтхи́ сабх джá ки́ ридх сидх аварá сáд ||

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥

ਆਦੇਸੁ ਤਿਸੈ ਆਦੇਸੁ ॥

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥

санджог виджог дуи ка́р чала́вэх, лэкхэ́ а́вэх бха́г ‖

а́дэс тисэ́ а́дэс ‖

а́д ани́л ана́д ана́хат, джуг джуг эко вэс ‖29‖

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥

ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥

эка́ ма́и́ джугат виа́и́ тин чэлэ парва́Н ‖

ик санса́ри́ ик бханДа́ри ик ла́э ди́ба́Н ‖

ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥

ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥

джив тис бха́вэ́ тивэ́ чала́вэ́ джив ховэ́ фурма́Н ‖

ох вэкхэ́ она́ надар на а́вэ́ бахута́ эх виДа́Н ‖

ਆਦੇਸੁ ਤਿਸੈ ਆਦੇਸੁ ॥

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥

а́дэс тисэ́ а́дэс ‖

а́д ани́л ана́д ана́хат, джуг джуг эко вэс ‖30‖

ਆਸਣੁ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ ਸੁ ਏਕਾ ਵਾਰ ॥
ਕਰਿ ਕਰਿ ਵੇਖੈ ਸਿਰਜਣਹਾਰੁ ॥ ਨਾਨਕ ਸਚੇ ਕੀ ਸਾਚੀ ਕਾਰ ॥

áсаН лои лои бханДар ‖ джо кичх пáиá су эка́ ва́р ‖
кар кар вэкхэ́ сирджаНха́р ‖ на́нак, сачэ ки́ са́чи́ ка́р ‖

ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੧॥

а́дэс тисэ́ а́дэс ‖
а́д ани́л ана́д ана́хат, джуг джуг эко вэс ‖31‖

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥

ик ду́ джи́бхау лакх хохи лакх ховэх лакх ви́с ‖
лакх лакх гэРа́ а́кхи́э́х, эк на́м джагди́с ‖
эт ра́х пат павРи́а́ чаРи́э́ хои ики́с ‖

ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥
ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥੩੨॥

суН гала́ а́ка́с ки́, киТа́ а́и́ ри́с ‖
на́нак надри́ па́и́э́, ку́Ри́ ку́Рэ́ Тхи́с ‖32‖

ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥
ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥

áкхаН джор чупэ́ нах джор ॥ джор на мангаН, дэН на джор ॥
джор на джи́ваН, мараН нах джор ॥ джор на ра́дж ма́л ман сор ॥

ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥੩੩॥

джор на сурти́ гиа́н ви́ча́р ॥ джор на джугти́ чхуТэ санса́р ॥
джис хатх джор кар вэкхэ́ сои ॥ на́нак, утам ни́ч на кои ॥33॥

ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥

ра́ти́ рути́ тхити́ ва́р ॥ паваН па́Ни́ агни́ па́та́л ॥
тис вич дхарти́ тха́п ракхи́ дхарам са́л ॥

ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥

тис вич, джи́ джугат кэ ранг ॥ тин кэ на́м анэк анант ॥
карми́ карми́ хои ви́ча́р ॥ сача́ а́п, сача́ дарба́р ॥

ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥
ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥੩੪॥

титхэ́ сохан панч парва́Н ॥ надри́ карам павэ́ ни́са́Н ॥
кач пака́и, отхэ́ па́и ॥ на́нак, гаиа́ джа́пэ́ джа́и ॥34॥

ਧਰਮ ਖੰਡ ਕਾ ਏਹੋ ਧਰਮੁ ॥

ਗਿਆਨ ਖੰਡ ਕਾ ਆਖਹੁ ਕਰਮੁ ॥

дхарам кханД ка́ эхо дхарам ‖

гиа́н кханД ка́ а́кхаух карам ‖

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥

ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥

кэтэ паваН па́Ни́ вэ́сантар кэтэ ка́н махэс ‖

кэтэ бармэ гха́Рат гхаРи́э́х ру́п ранг кэ вэс ‖

ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥

ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥

кэти́а́ карам бху́ми́ мэр кэтэ кэтэ дху́ упадэс ‖

кэтэ инд чанд су́р кэтэ, кэтэ манДал дэс ‖

ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥

ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥

кэтэ сидх будх на́тх кэтэ, кэтэ дэви́ вэс ‖

кэтэ дэв да́нав мун кэтэ кэтэ ратан самунд ‖

ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥

ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥

кэти́а́ кха́Ни́ кэти́а́ ба́Ни́ кэтэ па́т наринд ‖

кэти́а́ сурти́ сэвак кэтэ на́нак ант на ант ‖35‖

ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ ॥
ਸਰਮ ਖੰਡ ਕੀ ਬਾਣੀ ਰੂਪੁ ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥

гиа́н кханД мэх гиа́н парчанД ‖ титхэ́, на́д бинод коД ананд ‖
сарам кханД ки́ ба́Ни́ ру́п ‖ титхэ́ гха́Рат гхаРи́э́ бахут ану́п ‖

ਤਾ ਕੀਆ ਗਲਾ ਕਥੀਆ ਨਾ ਜਾਹਿ ॥ ਜੇ ਕੋ ਕਹੈ ਪਿਛੈ ਪਛੁਤਾਇ ॥
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥

та́ ки́ гала́ катхи́а́ на джа́хи ‖ джэ ко кахэ́ пичхэ́ пачхта́и ‖
титхэ́ гхаРи́э́ сурат мат ман будх ‖ титхэ́ гхаРи́э́ сура́ сидха́ ки́ судх ‖36‖

ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥
ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥

карам кханД ки́ ба́Ни́ джор ‖ титхэ́ хор на кои́ хор ‖
титхэ́ джодх маха́бал су́р ‖ тин мэх ра́м рахиа́ бхарпу́р ‖

ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥
ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥

титхэ́ си́то си́та́ махима́ ма́хи ‖ та́ кэ ру́п на катхнэ джа́хи ‖
на́ ох марэ́х на Тха́гэ джа́хи ‖ джин кэ́ ра́м васэ́ ман ма́хи ‖

ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥
ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥

титхэ́ бхагат васэ́х кэ ло ‖ карэх ананд сача́ ман сои ‖
сач кханД васэ́ нирանка́р ‖ кар кар вэкхэ́, надар нiха́л ‖

ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥

ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥

ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥੩੭॥

титхэ́ кханД манДал варбханД ‖ джэ ко катхэ́ та ант на ант ‖

титхэ́ ло ло а́ка́р ‖ джив джив хукам тив тив ка́р ‖

вэкхэ́ вигсэ́ кар ви́ча́р ‖ на́нак, катхна карРа́ са́р ‖37‖

ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥

ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥

джат па́ха́ра́ дхи́радж сунуа́р ‖ ахараН мат вэд хатхиа́р ‖

бхау кхала́, аган тапта́у ‖ бха́нДа́ бха́у, амрит тит Дха́л ‖

ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥

ਨਾਨਕ ਨਦਰੀ ਨਦਰਿ ਨਿਹਾਲ ॥੩੮॥

гхаРи́э сабад сачи́ Такса́л ‖ джин кау надар карам тин ка́р ‖

на́нак, надари́ надар нихáл ‖38‖

салок

салок

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥

паваН гуру́, па́Ни́ пита́, ма́та́ дхарат махат ||
дивас ра́т дуи да́и́ да́иа́,  кхэлэ́ сагал джагат ||

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥

чангиа́и́а́ буриа́и́а́ ва́чэ́ дхарам хаду́р ||
карми́ а́по а́паНи́, кэ нэРэ́ кэ ду́р ||

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥

джини́ на́м дхиа́иа́ гаэ масакат гха́л ||
на́нак тэ мукх уджалэ кэти́ чхуТи́ на́л ||1||

~~~~~~~~~~~~~~
~~~~~~~~~~~~~~